ਸਕੂਲ ਮੁਖੀ ਨੂੰ ਮੈਚ ਦੇਖਣ ਲਈ ਆਗਿਆ ਲੈਣ ਲਈ ਬਿਨੈ ਪੱਤਰ। (ਜਮਾਤ :- ਅੱਠਵੀ)

**ਸੇਵਾ ਵਿਖੇ**

**ਪ੍ਰਿੰਸੀਪਲ ਸਾਹਿਬ ਜੀ ,**

**ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ,**

**ਬਾਘਾਪੁਰਾਣਾ।**

**ਵਿਸ਼ਾ:- ਮੈਚ ਦੇਖਣ ਦੀ ਆਗਿਆ ਲੈਣ ਸਬੰਧੀ ਪੱਤਰ :-**

**ਸ਼੍ਰੀ ਮਾਨ ਜੀ ,**

**ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਦੀ ਅੱਠਵੀਂ ਸੀ ਜਮਾਤ ਦੀ ਵਿਦਿਆਰਥਣ ਹਾਂ। ਆਪਣੇ ਸਕੂਲ ਦੇ ਵਿਦਿਆਰਥੀਆਂ ਦਾ ਰਾਜਿਆਣਾ ਸਕੂਲ ਦੇ ਵਿਦਿਆਰਥੀਆਂ ਨਾਲ ਕਬੱਡੀ ਦਾ ਮੈਚ ਅੱਜ ਹੋ ਰਿਹਾ ਹੈ। ਮੈਂ ਵੀ ਕਬੱਡੀ ਦੀ ਵਧੀਆ ਖਿਡਾਰਨ ਹਾਂ। ਮੈਂ ਅੱਜ ਦਾ ਮੈਚ ਦੇਖਣ ਜਾਣਾ ਚਾਹੁੰਦੀ ਹਾਂ। ਇਸ ਮੈਚ ਨੂੰ ਦੇਖਣ ਲਈ ਮੈਂ ਆਪਣੇ ਘਰ ਤੋਂ ਆਪਣੇ ਪਿਤਾ ਜੀ ਤੋਂ ਲਿਖਤੀ ਰੂਪ ਵਿੱਚ ਆਗਿਆ ਲੈ ਲਈ ਹੈ। ਇਸ ਲਈ ਬਾਅਦ ਦੁਪਹਿਰ ਅੱਧੇ ਦਿਨ ਦੀ ਛੁੱਟੀ ਦੀ ਲੋੜ ਹੈ। ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਮੈਨੂੰ ਅੱਧੇ ਦਿਨ ਦੀ ਛੁੱਟੀ ਦਿੱਤੀ ਜਾਵੇ। ਮੈਂ ਇਹ ਮੈਚ ਆਪਣੇ ਵੀਰ ਨਾਲ ਦੇਖਣ ਜਾਣਾ ਹੈ। ਕ੍ਰਿਪਾ ਕਰਕੇ ਮੇਰੀ ਅੱਧੇ ਦਿਨ ਦੀ ਛੁੱਟੀ ਪ੍ਰਵਾਨ ਕੀਤੀ ਜਾਵੇ ,ਇਸ ਲਈ ਮੈਂ ਆਪ ਜੀ ਦੀ ਧੰਨਵਾਦੀ ਹੋਵਾਂਗੀ।**

**ਆਪ ਜੀ ਦੀ ਆਗਿਆਕਾਰ ,**

**ਰਾਜਿੰਦਰ ਕੌਰ,**

**ਮਿਤੀ :- 5 ਸਤੰਬਰ 2020.**

**ਰੋਲ ਨੰਬਰ 25,**

**ਜਮਾਤ ਅੱਠਵੀਂ ਸੀ.**

**ਤਿਆਰ ਕਰਤਾ :- ਸਵਰਨ ਸਿੰਘ ਬਰਾੜ , ਪੰਜਾਬੀ ਮਾਸਟਰ ,ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ,ਬਾਘਾਪੁਰਾਣਾ। (9914032354)**